# ਵਿਦਿਆਰਥੀ ਧਮਕੀ ਦਾ ਮੁਲਾਂਕਣ ਅਤੇ ਦਖਲ:ਨਿਆਂਪੂਰਣ ਨੋਟਿਸ ਅਤੇ ਪ੍ਰਕਿਰਿਆ

## ਵਿੱਦਿਆਰਥੀ ਧਮਕੀ ਦੇ ਮੁਲਾਂਕਣ ਅਤੇ ਦਖਲ ਦੀਆਂ ਵਿਧੀਆਂ (Student Threat Assessment and Intervention Procedures) ਦਾ ਮੰਤਵ ਕੀ ਹੈ?

ਵਿੱਦਿਆਰਥੀ ਧਮਕੀ ਦੇ ਮੁਲਾਂਕਣ ਅਤੇ ਦਖਲ ਦੀਆਂ ਵਿਧੀਆਂ (Student Threat Assessment and Intervention Procedures) ਦੇ ਮੰਤਵ ਹਨ:

- ਵਿੱਦਿਆਰਥੀਆਂ, ਸਟਾਫ, ਮਾਪਿਆਂ ਅਤੇ ਸਕੂਲ ਕਮਿਉਨਿਟੀ ਦੇ ਹੋਰ ਮੈਂਬਰਾਂ ਦੀ ਸੁੱਰਖਿਆ ਯਕੀਨੀ ਬਣਾਉਣਾ
- ਜਿੱਥੇ ਕਿਤੇ ਹਿੰਸਾ ਦਾ ਖੱਤਰਾ ਹੋਵੇ, ਅਸਰਦਾਰ ਅਤੇ ਵਕਤ ਸਿਰ ਹੁੰਗਾਰਾ ਦੇਣਾ।
- ਉਹਨਾਂ ਤੱਥਾਂ ਬਾਰੇ ਜਾਨਣ ਦੀ ਸ਼ੁਰੂਆਤ ਕਰਨਾ ਜਿਹਨਾਂ ਰਾਹੀਂ ਵਿਅਕਤੀ ਦੂਜਿਆਂ ਨੂੰ ਨੁਕਸਾਨ ਕਰਨ ਦੀ ਧਮਕੀ ਦੇਂਦਾ ਹੈ।
- ਦਖਲ ਦੇਣ ਲਈ ਯੋਜਨਾ ਦੇ ਵਿਕਾਸ ਵਿੱਚ ਮੱਦਦ ਕਰਨਾ ਅਤੇ
- ਸਾਰੇ ਸ਼ਮੂਲੀਅਤ ਰੱਖਣ ਵਾਲਿਆਂ ਦੀ ਭਾਵਾਤਮਕ ਅਤੇ ਸਰੀਰਕ ਸੁੱਰਖਿਆ ਨੂੰ ਉਤਸ਼ਾਹਿਤ ਕਰਨਾ

## ਧਮਕੀ ਕੀ ਹੈ?

ਧਮਕੀ ਕਿਸੇ ਵਿਅਕਤੀ ਜਾਂ ਕਿਸੇ ਸ਼ੈਅ ਨੂੰ ਨੁਕਸਾਨ ਕਰਨ ਜਾਂ ਹਿੰਸਾ ਰਾਹੀਂ ਵਰਤਾਅ ਕਰਨ ਦੀ ਇੱਛਾ ਦਾ ਸੰਕੇਤ ਹੈ। ਧਮਕੀ ਜ਼ੁਬਾਨੀ, ਲਿਖਤੀ, ਉਲੀਕੀ, ਇੰਟਰਨੈੱਟ ਉੱਤੇ ਪਾਈ, ਇਸ਼ਾਰੇ ਦੁਆਰਾ ਜਾਂ ਘਟਨਾਵਾਂ ਦੇ ਇਰਦ ਗਿਰਦ ਦੇ ਹਾਲਾਤਾਂ ਦੇ ਸਿੱਟੇ ਤੋਂ ਕੱਢੀ ਗਈ ਹੋ ਸਕਦੀ ਹੈ। ਧਮੀਕਆਂ ਨੂੰ ਗੰਭੀਰਤਾ ਨਾਲ ਲੈਣਾ, ਜਾਂਚ ਕਰਨੀ ਅਤੇ ਵਕਤ ਸਿਰ ਹੁੰਗਾਰਾ ਦਿੱਤਾ ਜਾਣਾ ਲਾਜ਼ਮੀ ਹੈ।

## ਕੀ ਹੁੰਦਾ ਹੈ ਜਦੋਂ ਹਿੰਸਾਂ ਦਾ ਖੱਤਰਾ ਹੋਣ ਦੀ ਰਿਪੋਰਟ ਕੀਤੀ ਜਾਂਦੀ ਹੈ?

ਕਿਸੇ ਵਿੱਦਿਆਰਥੀ ਦੁਆਰਾ ਅਮਲ ਵਿੱਚ ਲਿਆਂਦੇ ਸਾਰੇ ਧਮਕੀ ਦੇਣ ਵਾਲੇ ਵਰਤਾਵਾਂ ਨੂੰ ਪ੍ਰਿੰਸੀਪਲ ਕੋਲ ਰਿਪੋਰਟ ਕੀਤਾ ਜਾਵੇਗਾ ਜੋ ਵਿੱਦਿਆਰਥੀ ਧਮਕੀ ਦੇ ਮੁਲਾਂਕਣ ਅਤੇ ਦਖਲ ਦੇ ਸਲੀਕੇ (Student Threat Assessment and Intervention protocol) ਨੂੰ ਲਾਗੂ ਕਰੇਗਾ। ਜਦੋਂ ਕੋਈ ਧਮਕੀ ਸਕੂਲ ਪ੍ਰਸ਼ਾਸ਼ਕ ਕੋਲ ਰਿਪੋਰਟ ਕੀਤੀ ਗਈ ਤਾਂ ਇਸ ਸਬੰਧੀ ਮੁਲਾਕਾਤਾਂ ਕੀਤੀਆਂ ਜਾਣਗੀਆਂ। ਇਹਨਾਂ ਮੁਲਾਕਾਤਾਂ ਵਿੱਚ ਵਿੱਦਿਆਰਥੀ, ਸਟਾਫ, ਪਰਿਵਾਰ ਦੇ ਮੈਂਬਰ ਅਤੇ/ਜਾਂ ਦੂਜੇ ਲੋਕ ਜਿਵੇਂ ਜਾਇਜ਼ ਹੋਵੇ, ਸ਼ਾਮਲ ਹੋ ਸਕਦੇ ਹਨ। ਅਜਿਹਾ ਜੋਖਮ ਦੇ ਪੱਧਰ ਦਾ ਜਾਇਜ਼ਾ ਲੈਣ ਅਤੇ ਘਟਨਾ ਪ੍ਰਤੀ ਅਸਰਦਾਰ ਅਤੇ ਵਕਤ ਸਿਰ ਹੁੰਗਾਰਾ ਵਿਕਸਿਤ ਕਰਨ ਲਈ ਕੀਤਾ ਜਾਵੇਗਾ। ਜਦੋਂ ਤੁਰੰਤ ਸੁਰੱਖਿਆ ਨੂੰ ਜੋਖਮ ਦਾ ਮੁੱਦਾ ਹੱਲ ਕਰ ਲਿਆ ਗਿਆ, ਮਾਪਿਆਂ/ਸੁਪਰਸਤਾਂ ਤੋਂ ਜਾਣਕਾਰੀ ਲੈ ਕੇ ਸਹਾਰੇ ਅਤੇ ਦਖਲ ਦੀਆਂ ਯੋਜਨਾਵਾਂ ਵਿਕਸਿਤ ਕੀਤੀਆਂ ਜਾਣਗੀਆਂ।

## ਕੀ ਮਾਪਿਆਂ/ਵਿੱਦਿਆਰਥੀ ਦੀ ਸਹਿਮਤੀ ਜਰੂਰੀ ਹੈ?

ਕਿਸੇ ਸੰਕਟ ਕਾਲੀਨ ਸਥਿਤੀ ਨੂੰ ਹੁੰਗਾਰਾ ਦੇਣ ਲਈ ਸਹਿਮਤੀ ਜਰੂਰੀ ਨਹੀਂ ਹੈ। ਜਦੋਂ ਇਹ ਜੋਖਮ ਹੋਵੇ ਕਿ ਕਿਸੇ ਨੂੰ ਨੁਕਸਾਨ ਪੁੱਜ ਸਕਦਾ ਹੈ, ਇਹ ਮਹੱਤਵਪੂਰਣ ਹੈ ਕਿ ਘਟਨਾ ਨੂੰ ਲੋੜ ਮੁਤਾਬਿਕ ਜਿੰਨੀ ਜਲਦੀ ਹੋ ਸਕੇ ਅਤੇ ਅਸਰਦਾਰ ਤਰੀਕੇ ਨਾਲ ਸਾਰੀਆਂ ਸੰਬਧਿਤ ਪਾਰਟੀਆਂ ਨਾਲ ਨੱਜਿਠਿਆ ਜਾਵੇ।

## ਨਿਆਂਪੂਰਣ ਨੋਟਿਸ

ਕ੍ਰਿਪਾ ਕਰਕੇ ਇਸ ਕਿਤਾਬਚੇ ਨੂੰ ਸਕੂਲ ਕਮਿਉਨਿਟੀ ਲਈ ਨਿਆਂਪੂਰਣ ਨੋਟਿਸ ਵਜੋਂ ਸਵੀਕਾਰ ਕੀਤਾ ਜਾਵੇ ਕਿ ਦੂਜਿਆਂ ਨੂੰ ਨੁਕਸਾਨ ਕਰਨ ਵਾਲੀ ਧਮਕੀ (ਜ਼ੁਬਾਨੀ, ਲਿਖਤੀ ਜਾਂ ਇਸ਼ਾਰੇ ਨਾਲ) ਦੀ ਜਾਂਚ ਕੀਤੀ ਜਾਵੇਗੀ। ਵਿੱਦਿਆਰਥੀ ਧਮਕੀ ਦਾ ਮੁਲਾਂਕਣ ਅਤੇ ਦਖਲ ਦਾ ਸਲੀਕਾ (Student Threat Assessment and Intervention Protocol) ਹਰ ਇੱਕ ਲਈ ਸਕੂਲ ਵਾਤਾਵਰਣ ਨੂੰ ਸੁੱਰਖਿਅਤ, ਮਹਿਫੂਜ਼, ਮੱਦਦਗਾਰ ਰੱਖਣ ਲਈ ਸਾਡੀ ਨੀਤੀ ਹੈ।

## ਵਿੱਦਿਆਰਥੀ ਧਮਕੀ ਦੇ ਮੁਲਾਂਕਣ ਅਤੇ ਦਖਲ ਦੀ ਟੀਮ ਦਾ ਮੈਂਬਰ ਕੌਣ ਹੁੰਦਾ ਹੈ?

ਹਰ ਸਕੂਲ ਵਿੱਚ ਵਿੱਦਿਆਰਥੀ ਧਮਕੀ ਦੇ ਮੁਲਾਂਕਣ ਅਤੇ ਦਖਲ ਦੀ ਵਿਧੀ ਵਿੱਚ ਸਿਖਲਾਈ ਸ਼ੁਦਾ ਸਟਾਫ ਹੋਵੇਗਾ। ਇੱਕ ਬਹੁ-ਆਯਾਮੀ (multi-disciplinary) ਵਿੱਦਿਆਰਥੀ ਧਮਕੀ ਦੇ ਮੁਲਾਂਕਣ ਅਤੇ ਦਖਲ ਦੀ ਟੀਮ ਧਮਕੀ ਦਾ ਮੁਲਾਂਕਣ ਕਰੇਗੀ ਅਤੇ ਅਸਰਦਾਰ ਅਤੇ ਵਕਤ ਸਿਰ ਦਖਲਅੰਦਾਜ਼ੀ ਦੀ ਯੋਜਨਾ ਤਿਆਰ ਕਰੇਗੀ। ਟੀਮ ਵਿੱਚ ਸਕੂਲ ਦਾ ਪ੍ਰਸ਼ਾਸ਼ਕ, ਇੱਕ ਸਕੂਲ ਸੋਸ਼ਲ ਵਰਕਰ ਅਤੇ/ਜਾਂ ਮਾਨਸਿਕ ਸੇਵਾਵਾਂ ਦਾ ਸਟਾਫ ਮੈਂਬਰ, ਯੌਰਕ ਰੀਜਨਲ ਪੁਲੀਸ ਅਫਸਰ ਅਤੇ/ਜਾਂ ਸਕੂਲ ਮੁਲਾਜ਼ਮ ਜੋ ਵਿੱਦਿਆਰਥੀ ਨੂੰ ਚੰਗੀ ਤਰਾਂ ਜਾਣਦਾ ਹੈ, ਸ਼ਾਮਲ ਹੁੰਦੇ ਹਨ।

## ਪ੍ਰਸ਼ਨ?

ਜੇਕਰ ਤੁਹਾਡੇ ਕੋਲ ਕੋਈ ਪ੍ਰਸ਼ਨ ਹਨ ਤਾਂ ਕ੍ਰਿਪਾ ਕਰਕੇ ਸਕੂਲ ਪ੍ਰਸ਼ਾਸ਼ਕ ਨਾਲ ਸੰਪਰਕ ਕਰੋ।

# ਧਮਕੀ ਦਾ ਮੁਲਾਂਕਣ ਅਤੇ ਦਖਲ

ਸਕੂਲ ਭਾਈਚਾਰੇ ਦੇ ਮੈਂਬਰਾਂ ਦੀ ਖੈਰੀਅਤ ਅਤੇ ਸੁੱਰਖਿਆ ਇੱਕ ਸਾਂਝੀ ਜ਼ੁੰਮੇਵਾਰੀ ਹੁੰਦੀ ਹੈ। ਹਿਫਾਜ਼ਤੀ ਮਾਹੌਲ ਬਣਾਈ ਰੱਖਣ ਵੱਲ ਧਿਆਨ, ਖੱਤਰਿਆਂ ਬਾਰੇ ਜਾਗਰਤੀ ਅਤੇ ਸੰਕਟਕਾਲੀਨ ਸਥਿਤੀ ਲਈ ਵਿਹਾਰਕ ਯੋਜਨਾ ਰੱਖਣਾ ਸਾਡੇ ਸਾਰਿਆਂ ਲਈ ਮਹੱਤਵਪੂਰਣ ਹੈ। ਇਸ ਵਿੱਚ ਬਚਾਅ ਅਤੇ ਹਿੰਸਾਂ ਦੇ ਜੋਖਿਮ ਦਾ ਜਵਾਬ ਦੇਣਾ ਸ਼ਾਮਿਲ ਹੈ।

ਸਾਡੀਆਂ ਕਮਿਉਨਿਟੀਆਂ ਵਿੱਚ ਸਕੂਲ ਸੱਭ ਤੋਂ ਵਧੇਰੇ ਸੁੱਰਖਿਅਤ ਥਾਵਾਂ ਵਜੋਂ ਜਾਰੀ ਹਨ। ਵਿੱਦਿਆਰਥੀਆਂ ਦੀ ਸੁਰੱਖਿਅਤਾ ਅਤੇ ਖੈਰੀਅਤ ਨੂੰ ਵਿਕਸਿਤ ਕਰਨ ਲਈ ਹਿੰਸਾ ਦੀਆਂ ਧਮਕੀਆਂ ਪ੍ਰਤੀ ਹੁੰਗਾਰਾ ਦੇਣ ਲਈ ਅਸੀਂ ਸਾਡੇ ਭਾਈਚਾਰਕ ਸਾਂਝੀਦਾਰਾਂ ਨਾਲ ਮਿਲ ਕੇ ਵਿੱਦਿਆਰਥੀ ਧਮਕੀ ਦਾ ਮੁਲਾਂਕਣ ਅਤੇ ਦਖਲ ਦੀਆਂ ਵਿਧੀਆਂ (Student Threat Assesstment and Intervention Procedures) ਤਿਆਰ ਕੀਤੀਆਂ ਹਨ।

ਸਾਡਾ ***ਵਿੱਦਿਆਰਥੀ ਧਮਕੀ ਦਾ ਮੁਲਾਂਕਣ ਅਤੇ ਦਖਲ ਦਾ ਸਲੀਕਾ (Student Threat Assessment and Intervention Protocol***) ਕਾਰਵਾਈਆਂ, ਬਿਆਨਾਂ ਅਤੇ ਹੋਰ ਸੂਚਕਾਂ ਸਮੇਤ ਉਹਨਾਂ ਵਰਤਾਵਾਂ ਨੂੰ ਹੁੰਗਾਰਾ ਦੇਣ ਲਈ ਤਿਆਰ ਕੀਤਾ ਗਿਆ ਹੈ ਜੋ ਇਹ ਇਸ਼ਾਰਾ ਕਰਦੇ ਹੋਣ ਕਿ ਕੋਈ ਵਿੱਦਿਆਰਥੀ ਦੂਜਿਆਂ ਨੂੰ ਨੁਕਸਾਨ ਕਰਨ ਦੇ 'ਜੋਖਮ' ਵਿੱਚ ਹੋ ਸਕਦਾ ਹੈ। ਸਕੂਲ ਭਾਈਚਾਰੇ ਨੂੰ ਸੁੱਰਖਿਅਤ ਰੱਖਣ ਲਈ ਅਤੇ ਸਾਰਿਆਂ ਨੂੰ ਸਹਾਰਾ ਦੇਣ ਵਾਸਤੇ ਸਟਾਫ, ਮਾਪਿਆਂ, ਵਿੱਦਿਆਰਥੀਆਂ ਅਤੇ ਕਮਿਉਨਿਟੀ ਮੈਂਬਰਾਂ ਨੂੰ ਧਮਕੀ ਸਬੰਧੀ ਵਰਤਾਅ ਬਾਰੇ ਸਕੂਲ ਦੇ ਪ੍ਰਸ਼ਾਸ਼ਕ ਜਾਂ ਪੁਲੀਸ ਨੂੰ ਜਿੰਨੀ ਜਲਦ ਹੋ ਸਕੇ ਰਿਪੋਰਟ ਕਰਨਾ ਚਾਹੀਦਾ ਹੈ।

ਨੋਟ: ਸਕੂਲ ਕਮਿਉਨਿਟੀ ਵਿੱਚ ਬਾਲਗਾਂ ਦੀਆਂ ਧਮਕੀਆਂ ਨਾਲ ਨਜਿੱਠਣ ਵਾਸਤੇ ਹੋਰ ਸਲੀਕੇ ਅਤੇ ਵਿਧੀਆਂ ਮੌਜੂਦ ਹਨ।

**YORK REGION DISTRICT SCHOOL BOARD**

60 Wellington Street West
Box 40
Aurora, Ontario
L4G 3H2

ਫੋਨ: 905-727-3141
416-969-8131
PYks: 905-727-1931

# ਵਿੱਦਿਆਰਥੀ ਧਮਕੀ ਦਾ ਮੁਲਾਂਕਣ ਅਤੇ ਦਖਲ

***ਸਾਡੇ ਵਿੱਦਿਆਰਥੀਆਂ ਨੂੰ ਸੁਰੱਖਿਅਤ ਰੱਖਦੇ ਹੋਏ!***

**YORK REGION DISTRICT SCHOOL BOARD**

Punjabi